# ਪੰਜਾਬ ਸਕੂਲ ਸਿੱਖਿਆ ਵਿਭਾਗ ਭਰਤੀ ਬੋਰਡ
# ਦਫਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ

ਵਿੱਦਿਆ ਭਵਨ (ਪੰਜਾਬ ਸਕੂਲ ਸਿੱਖਿਆ ਬੋਰਡ) ਬਲਾਕ ਈ, ਪੰਜਵੀ ਮੰਜਿਲ, ਫੇਜ਼ 8, ਅਜੀਤਗੜ੍ਹ (ਮੁਹਾਲੀ)

## ਜਨਤਕ ਨਿਯੁਕਤੀਆਂ

ਪੰਜਾਬ ਸਕੂਲ ਸਿੱਖਿਆ ਵਿਭਾਗ ਭਰਤੀ ਬੋਰਡ ਵੱਲੋਂ ਰਾਸ਼ਟਰੀ ਮਾਧਮਿਕ ਸਿੱਖਿਆ ਅਭਿਆਨ ਅਥਾਰਟੀ ਅਧੀਨ ਭਾਰਤ ਸਰਕਾਰ ਅਤੇ ਪੰਜਾਬ ਸਰਕਾਰ ਵੱਲੋਂ ਸੇਅਰਿੰਗ ਪੈਟਰਨ ਤੇ **ਮਾਡਲ ਸਕੂਲਾਂ** ਲਈ ਵਿਦਿਅਕ ਅਮਲੇ ਦੀ ਠੇਕਾ ਆਧਾਰਿਤ ਅਸਾਮੀਆਂ ਤੇ ਭਰਤੀ ਲਈ ਯੋਗ ਉਮੀਦਵਾਰਾਂ ਵੱਲੋਂ ਵਿਭਾਗ ਦੀ ਵੈਬਸਾਇਟ http://rmsa.ssapunjab.org ਤੇ ਆਨਲਾਈਨ ਦਰਖਾਸਤਾਂ ਦੀ ਮੰਗ ਕੀਤੀ ਜਾਂਦੀ ਹੈ ਅਤੇ ਇਨ੍ਹਾਂ ਅਸਾਮੀਆਂ ਨਾਲ ਸਬੰਧਤ ਸ਼ਰਤਾਂ/ਬਾਨਾਂ (Terms & Conditions) ਦੇ ਨਾਲ ਨਾਲ ਵਿਸਥਾਰਪੂਰਵਕ ਜਾਣਕਾਰੀ ਵਿਭਾਗ ਦੀ ਵੈਬਸਾਇਟ http://rmsa.ssapunjab.org ਤੇ ਉਪਲੱਬਧ ਹਨ।

1. ਪ੍ਰਿੰਸੀਪਲ ਦੀਆਂ ਅਸਾਮੀਆਂ

2. ਪੀ.ਜੀ.ਟੀ ਦੀਆਂ ਅਸਾਮੀਆਂ (ਲੈਕਚਰਾਰ) (ਠੇਕਾ ਅਧਾਰਿਤ)

(ਅੰਗਰੇਜੀ, ਪੰਜਾਬੀ, ਮੈਥ, ਫਿਜੀਕਸ, ਕਮਿਸਟਰੀ, ਬਾਇਲੋਜੀ, ਹਿਸਟਰੀ, ਇਕਨੋਕਿਮਸ, ਪੋਲ ਸਾਇੰਸ, ਕੰਪਿਉਟਰ)

3. ਟੀ.ਜੀ.ਟੀ ਦੀਆਂ ਅਸਾਮੀਆਂ (ਮਾਸਟਰ/ਮਿਸਟ੍ਰੈਸ) (ਠੇਕਾ ਅਧਾਰਿਤ)

(ਅੰਗਰੇਜੀ, ਹਿੰਦੀ, ਪੰਜਾਬੀ, ਹਿਸਾਬ, ਸਾਇੰਸ, ਸਮਾਜਿਕ ਸਿੱਖਿਆ, ਟੀ.ਜੀ.ਟੀ ਕੰਪਿਉਟਰ, ਡਰਾਇੰਗ ਟੀਚਰ, ਸਰੀਰਿਕ ਸਿੱਖਿਆ)

**ਚੇਅਰਮੈਨ-ਕਮ-ਪ੍ਰਮੁੱਖ ਸਕੱਤਰ**
**ਪੰਜਾਬ ਸਕੂਲ ਸਿੱਖਿਆ ਵਿਭਾਗ ਭਰਤੀ ਬੋਰਡ**

# ਪੰਜਾਬ ਸਕੂਲ ਸਿੱਖਿਆ ਵਿਭਾਗ ਭਰਤੀ ਬੋਰਡ
# ਦਫਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ

ਵਿੱਦਿਆ ਭਵਨ (ਪੰਜਾਬ ਸਕੂਲ ਸਿੱਖਿਆ ਬੋਰਡ) ਬਲਾਕ ਈ, ਪੰਜਵੀ ਮੰਜਿਲ, ਫੇਜ਼ 8, ਅਜੀਤਗੜ੍ਹ (ਮੁਹਾਲੀ)

## ਜਨਤਕ ਨਿਯੁਕਤੀਆਂ

1) ਪੰਜਾਬ ਸਕੂਲ ਸਿੱਖਿਆ ਵਿਭਾਗ ਭਰਤੀ ਬੋਰਡ ਵੱਲੋਂ **ਮਾਡਲ ਸਕੂਲਾਂ** ਰਾਸ਼ਟਰੀ ਮਾਧਮਿਕ ਸਿੱਖਿਆ ਅਭਿਆਨ ਅਥਾਰਟੀ ਅਧੀਨ ਭਾਰਤ ਸਰਕਾਰ ਅਤੇ ਪੰਜਾਬ ਸਰਕਾਰ ਵੱਲੋਂ ਸ਼ੇਅਰਿੰਗ ਪੈਟਰਨ ਤੇ ਚਲਾਏ ਜਾ ਮਾਡਲ ਸਕੂਲਾਂ ਲਈ ਵਿਦਿਅਕ ਅਮਲੇ ਦੀ ਭਰਤੀ ਲਈ ਯੋਗ ਉਮੀਦਵਾਰਾਂ ਵੱਲੋਂ ਵਿਭਾਗ ਦੀ ਵੈਬਸਾਇਟ http://rmsa.ssapunjab.org ਤੇ ਆਨਲਾਈਨ ਦਰਖਾਸਤਾਂ ਦੀ ਮੰਗ ਕੀਤੀ ਜਾਂਦੀ ਹੈ।

### 2) ਤਨਖਾਹ ਸਕੇਲ

| ਵਿਸ਼ਾ | ਤਨਖਾਹ ਸਕੇਲ |
|---|---|
| ਪ੍ਰਿੰਸੀਪਲ | 15600-39100+6600 |
| ਪੀ.ਜੀ.ਟੀ | 10300-34800+4200 |
| ਟੀ.ਜੀ.ਟੀ | 10300-34800+3600 |
| ਟੀ.ਜੀ.ਟੀ. ਡਰਾਇੰਗ | 10300-34800+3600 |
| ਟੀ.ਜੀ.ਟੀ. ਸਰੀਰਿਕ ਸਿੱਖਿਆ | 10300-34800+3600 |

### 3) ਵਿਦਿਅਕ ਜਰੂਰੀ ਯੋਗਤਾਵਾਂ

ੳ)

| ਵਿਸ਼ਾ | ਅਸਾਮੀਆਂ ਦੀ ਗਿਣਤੀ | ਵਿਦਿਅਕ ਯੋਗਤਾ |
|---|---|---|
| ਪ੍ਰਿੰਸੀਪਲ | 10 | Master degree with 50% marks with B.Ed.and atleast 6 years experience of Principals/Vice Principal or atleast 10 years experience as lecturer from Govt. aided Schools or recognized/ affiliated with CBSE/ICSE/PSEB ect |
| **Post Graduate Teacher** in English, Punjabi, Math, Physics, Chemistry, Biology, History, Political Science, Geography, Economics, Computer science, Commerce | Eng.=21<br>Pbi.=21<br>Math =21<br>Phy=21,<br>Chem=21<br>Bio=21<br>His=15,<br>Geo=12<br>Eco=21<br>Pol.Sci.=14<br>Comp.=10<br>Commerce=08 | 1) MA or MSc or M.Com with B.T or B.Ed (with relative subject)<br>2) **For PGT Computer**<br>Master of Computer Applications (MCA), MSC IT from a recognized University<br>Or<br>BE/ B Tech. Computer Science/ Computer Engineering |
| ਟੀ.ਜੀ.ਟੀ ਅੰਗਰੇਜੀ (ਪੀ.ਐਸ. | 22 | i) Graduation with English as an elective subject during the three year of graduation |

| | | |
|---|---|---|
| ਟੀ.ਈ.ਟੀ.-2 ਪਾਸ) | | ii) B.Ed with teaching of English (Punjab State Teacher Eligibilty Test Paper-II Passed) |
| **ਟੀ.ਜੀ.ਟੀ ਪੰਜਾਬੀ** (ਪੀ.ਐਸ. ਟੀ.ਈ.ਟੀ.-2 ਪਾਸ) | 02 | i) Graduation from a recognized university with Punjabi as a subject during the three year of graduation<br>ii) B.Ed with teaching of Punjabi (Punjab State Teacher Eligibilty Test Paper-II Passed) |
| **ਟੀ.ਜੀ.ਟੀ ਹਿਸਾਬ** (ਪੀ.ਐਸ. ਟੀ.ਈ.ਟੀ.-2 ਪਾਸ) | 22 | Graduation with Mathematics as one of the elective subject in Graduation along with B. Ed .(Punjab State Teacher Eligibilty Test Paper-II Passed)<br>OR<br>B.A. with Physics and Mathematics A Course with B.T. or B.Ed or Senior Basic trained. .(Punjab State Teacher Eligibilty Test Paper-II Passed) |
| **ਟੀ.ਜੀ.ਟੀ ਸਾਇੰਸ** (ਪੀ.ਐਸ. ਟੀ.ਈ.ਟੀ.-2 ਪਾਸ) | 24 | B.Sc with B.T. or B.Ed Senior Basic Trained with any two of the four subjects in B.Sc namely, Physics, Chemistry, Botany and Zoology.(Punjab State Teacher Eligibilty Test Paper-II Passed) |
| **ਟੀ.ਜੀ.ਟੀ ਸਮਾਜਿਕ ਸਿੱਖਿਆ** (ਪੀ.ਐਸ. ਟੀ.ਈ.ਟੀ.-2 ਪਾਸ) | 24 | B.A with subject combination as approved by Government from time to time with B.T. or B.Ed .(Punjab State Teacher Eligibilty Test Paper-II Passed)<br>Candidates must have studied any two of the following subjects during three years of the Graduation:- History, Political Science, Public Administation , Psychology, Sociology, Economices, Geography, Elective English. |
| **ਟੀ.ਜੀ.ਟੀ ਕੰਪਿਊਟਰ** (ਨਾਨ ਪੀ.ਐਸ. ਟੀ.ਈ.ਟੀ.) | 21 | 3 years diploma (Computer Science & Engineering/ Information Technology) or BCA or B.Sc (IT/CS/Internet Science) or BIT B-levl or DOEACC or B.E./B.Tech (IT/ Computer Science) OR BCAM OR B.Sc (Information system/ Science) or BMIT or AMIE Examination of IETE in Computer Science & Engg. Or MSc (IT/ Computer Science/ Software System) or MIS or MIT or M.Tech (Computer Science) or M.Sc (Networking and Protocol Designing or M.Sc (IT (LE), with at least 50% marks (Educational qualification must be from a recognized University/ Board) Computer as a single subject will not considered. |
| **ਟੀ.ਜੀ.ਟੀ. ਡਰਾਇੰਗ** (ਨਾਨ ਪੀ.ਐਸ. ਟੀ.ਈ.ਟੀ.) | 09 | Graduation with fine Arts as a subject during the three year of graduation alongwith B. Ed. |
| **ਸਰੀਰਿਕ ਸਿੱਖਿਆ** (ਨਾਨ ਪੀ.ਐਸ. ਟੀ.ਈ.ਟੀ.) | 03 | Graduate from a recognized University with training in advance physical training course Degree or Diploma |

ਅ) **ਉਮੀਦਵਾਰ ਨੇ ਜਰੂਰੀ ਜਾਂ ਇਲੈਕਟਿਵ ਵਿਸ਼ੇ ਵੱਜੋਂ ਮੈਟ੍ਰਿਕ ਪ੍ਰੀਖਿਆ ਪੰਜਾਬੀ ਭਾਸ਼ਾ ਵਿੱਚ ਕੋਈ ਵੀ ਹੋਰ ਇਸਦੇ ਬਰਾਬਰ ਜਾਂ ਇਸ ਤੋਂ ਉਚੇਰੀ ਸ੍ਰੇਣੀ ਵਿੱਚ ਪੰਜਾਬੀ ਵਿਸ਼ੇ ਵਿੱਚ ਪ੍ਰੀਖੀਆ ਪਾਸ ਕੀਤੀ ਹੋਵੇ।**

ੲ) **ਉਮੀਦਵਾਰ ਉਪਰੋਕਤ ਅਸਾਮੀਆਂ ਲਈ ਨਿਰਧਾਰਿਤ ਵਿਦਿਅਕ,ਕਿੱਤਾ ਮੁੱਖੀ ਯੋਗਤਾਵਾਂ ਅਤੇ ਬਾਕੀ ਸੁਰਤਾ ਅਪਲਾਈ ਕਰਨ ਦੀ ਆਖਰੀ ਮਿਤੀ ਤੱਕ ਪੂਰੀਆ ਕਰਦਾ ਹੋਣਾ ਜਰੂਰੀ ਹੈ।**

4) **ਉਮਰ ਸੀਮਾ:**

ੳ) (i) **ਮਿਤੀ: 01.01.2013 ਨੂੰ ਉਮੀਦਵਾਰ ਦੀ ਉਮਰ 18 ਤੋਂ ਘੱਟ ਅਤੇ 38 ਸਾਲ ਤੋਂ ਵੱਧ ਨਹੀਂ ਹੋਣੀ ਚਾਹੀਦੀ।**

(ii) ਮਿਤੀ 09.12.2012 ਨੂੰ ਵਿਭਾਗ ਦੁਆਰਾ ਮੁੱਖ ਅਧਿਆਪਕਾਂ ਦੀ ਭਰਤੀ ਲਈ ਪਹਿਲਾਂ ਦਿੱਤੇ ਗਏ ਇਸ਼ਤਿਹਾਰ ਦੇ ਤਹਿਤ ਜਿਨ੍ਹਾਂ ਉਮੀਦਵਾਰਾਂ ਵੱਲੋਂ ਅਪਲਾਈ ਕਰਨ ਦੀ ਆਖਰੀ ਮਿਤੀ 24-12-2012 ਤੱਕ ਅਪਲਾਈ ਕੀਤਾ ਸੀ, ਉਹਨਾਂ ਨੂੰ ਹੁਣ ਉਕਤ ਅਸਾਮੀਆਂ ਅਧੀਨ ਅਪਲਾਈ ਕਰਨ ਦਾ ਮੌਕਾ ਦਿੱਤਾ ਜਾਂਦਾ ਹੈ ਜੋ ਕਿ ਮਿਤੀ: 01-01-2012 ਤੱਕ ਉਮਰ ਦੀ ਉਪਰਲੀ ਹੱਦ ਦੀ ਸ਼ਰਤ ਪੂਰੀ ਕਰਦੇ ਸਨ, ਪ੍ਰੰਤੂ ਹੁਣ ਮਿਤੀ: 01.01.2013 ਨੂੰ ਓਵਰਏਜ਼ ਹੋ ਚੁੱਕੇ ਹਨ।ਉਮੀਦਵਾਰ ਨੂੰ ਸਕਰੂਟਨੀ ਸਮੇਂ ਪਹਿਲਾ ਦਿੱਤੇ ਇਸ਼ਤਿਹਾਰ ਵਿਰੁੱਧ ਅਪਲਾਈ ਕਰਨ ਦਾ ਸਬੂਤ ਪੇਸ਼ ਕਰਨਾ ਹੋਵੇਗਾ।

ਅ) ਪੰਜਾਬ ਰਾਜ ਦੇ ਅਨੁਸੂਚਿਤ ਜਾਤੀ ਅਤੇ ਪੱਛੜੀ ਸ਼੍ਰੇਣੀ ਦੇ ਉਮੀਦਵਾਰਾਂ ਦੀ ਉਪਰਲੀ ਉਮਰ ਸੀਮਾ ਦੀ ਹੱਦ ਵਿੱਚ 5 ਸਾਲ ਦੀ ਛੋਟ ਹੋਵੇਗੀ।

ੲ) ਰਾਜ ਅਤੇ ਕੇਂਦਰੀ ਸਰਕਾਰ ਦੇ ਕਰਮਚਾਰੀਆਂ ਦੀ ਉਪਰਲੀ ਉਮਰ ਸੀਮਾ ਦੀ ਹੱਦ 45 ਸਾਲ ਤੱਕ ਹੋਵੇਗੀ।

ਸ) ਪੰਜਾਬ ਦੇ ਸਾਬਕਾ ਫੌਜੀਆਂ ਵੱਲੋਂ ਉਨ੍ਹਾਂ ਦੀ ਫੌਜ ਵਿਚ ਕੀਤੀ ਸੇਵਾ ਦਾ ਸਮਾਂ ਉਨ੍ਹਾਂ ਦੀ ਉਮਰ ਵਿਚੋਂ ਘਟਾਉਣ ਤੋਂ ਬਾਅਦ ਬਾਕੀ ਬਚੀ ਉਮਰ ਜੇਕਰ ਸੇਵਾ ਰੂਲਾਂ ਅਨੁਸਾਰ ਆਸਾਮੀ ਦੀ ਉਪਰਲੀ ਸੀਮਾ ਤੋਂ ਤਿੰਨ ਸਾਲ ਵੱਧ ਹੋਵੇਗੀ ਤਾਂ ਉਨ੍ਹਾਂ ਨੂੰ ਉਮਰ ਸੀਮਾ ਦੀਆਂ ਸ਼ਰਤਾਂ ਤੇ ਸੰਤੁਸਟਤਾ ਦੇਣੀ ਪਵੇਗੀ।

ਹ) ਵਿਧਵਾ ਅਤੇ ਤਲਾਕਸੁਦਾ ਔਰਤਾ ਨੂੰ ਉਮਰ ਦੀ ਉਪਰਲੀ ਉਮਰ ਸੀਮਾ ਦੀ ਹੱਦ 42ਸਾਲ ਤੱਕ ਹੋਵੇਗੀ।

ਕ) ਪੰਜਾਬ ਦੇ ਵਸਨੀਕ ਵਿਕਲਾਂਗਾ ਦੀ ਉਪਰਲੀ ਉਮਰ ਸੀਮਾ ਦੀ ਹੱਦ 47 ਸਾਲ ਤੱਕ ਹੋਵੇਗੀ।

***ਨੋਟ:***

1) ***ਟੀ.ਜੀ.ਟੀ ਦੀ ਅਸਾਮੀ ਲਈ ਪੰਜਾਬ ਸਰਕਾਰ ਦੁਆਰਾ ਲਿਆ ਗਿਆ ਪੰਜਾਬ ਟੀ.ਈ.ਟੀ ਟੈਸਟ (ਪੇਪਰ-2) ਪਾਸ ਕੀਤਾ ਹੋਵੇ। (ਸਿਵਾਏ ਸਰੀਰਿਕ ਸਿੱਖਿਆ, ਡਰਾਇੰਗ ਟੀਚਰ ਅਤੇ ਕੰਪਿਊਟਰ ਟੀਚਰ)***

2) ***ਇਨ੍ਹਾਂ ਸਕੂਲਾਂ ਵਿੱਚ Medium of Instructions ਅੰਗਰੇਜੀ ਹੈ ਅਤੇ ਇਹ ਸਕੂਲ ਸੀ.ਬੀ.ਐਸ.ਈ ਨਾਲ ਐਫੀਲੀਏਟਡ ਹਨ।***

3) ***ਉਕਤ ਦਰਸਾਈਆਂ ਸਾਰੀਆਂ ਅਸਾਮੀਆਂ ਦੀ ਗਿਣਤੀ ਘਟਾਈ/ਵਧਾਈ ਜਾ ਸਕਦੀ ਹੈ ਅਤੇ ਇਹ ਅਸਾਮੀਆਂ ਕਿਸੇ ਸਮੇਂ ਵੀ ਰੱਦ ਕੀਤੀ ਜਾ ਸਕਦੀਆਂ ਹਨ।***

4) ***ਐਨ.ਸੀ.ਟੀ.ਈ. ਦੇ ਨਵੇਂ ਪ੍ਰਚਲਤ ਰੂਲਾਂ ਅਤੇ ਆਰ.ਟੀ.ਈ. ਐਕਟ ਦੀ ਮੰਗਅਨੁਸਾਰ ਟੀ.ਜੀ.ਟੀ ਅਸਾਮੀਆਂ ਲਈ ਗਰੈਜੂਏਸ਼ਨ ਦੇ ਘੱਟੋਂ ਘੱਟ ਅੰਕ 50% ਹੋਣੇ ਲਾਜਮੀ ਹੋਣਗੇ ਅਤੇ ਇਸ ਵਿੱਚ ਐਸ.ਸੀ/ ਐਸ.ਟੀ ਅਤੇ ਬੀ.ਸੀ ਕੈਟਾਗਿਰੀ ਹੋਣ ਦੀ ਸੂਰਤ ਵਿੱਚ 5% ਦੀ ਛੋਟ ਹੋਵੇਗੀ।***

5) ***ਉਮੀਦਵਾਰ ਨੂੰ ਇਥੇ ਇਹ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਭਰਤੀ ਸਬੰਧੀ ਸ਼ਰਤਾਂ ਬਾਨਾਂ ਚੰਗੀ ਤਰ੍ਹਾਂ ਨਾਲ ਪੜ੍ਹਨ ਉਪਰੰਤ ਆਪ ਖੁਦ ਅਪਲਾਈ ਕਰੇ।***

6) ***ਉਮੀਦਵਾਰਾਂ ਦੀ ਪ੍ਰੋਵਿਜਨਲ ਮੈਰਿਟ ਬਣਾ ਕਿ ਅਸਾਮੀਆਂ ਦੇ ਤਿੰਨ ਗੁਣਾ ਉਮਦੀਵਾਰਾਂ ਨੂੰ ਸਕਰੂਟਨੀ ਲਈ ਬੁਲਾਇਆ ਜਾਵੇਗਾ ਅਤੇ ਸਕਰੂਟਨੀ ਤੋਂ ਬਾਅਦ ਉਮੀਦਵਾਰਾਂ ਨੂੰ ਭਰਤੀ ਬੋਰਡ ਸਾਹਮਣੇ ਇੰਟਰਵਿਊ ਲਈ ਬੁਲਾਇਆ ਜਾਵੇਗਾ। ਇੰਟਰਵਿਊ ਦੇ ਉਪਰੰਤ ਫਾਈਨਲ ਮੈਰਿਟ ਪ੍ਰਕਾਸ਼ਿਤ ਕੀਤੀ ਜਾਵੇਗੀ।***

5) **ਰਿਜਰਵੇਸ਼ਨ ਸਰਟੀਫਿਕੇਟ**

ੳ) ਜਿਹੜਾ ਉਮੀਦਵਾਰ ਅਨੁਸੂਚਿਤ ਜਾਤੀ ਜਾਂ ਪਛੜੀ ਸ਼੍ਰੇਣੀ ਦੇ ਰਾਖਵਾਕਰਨ ਦਾ ਲਾਭ ਲੈਣਾ ਚਾਹੁੰਦੇ ਹਨ ਉਹ ਸਬੰਧਤ ਸਮਰੱਧ ਅਧਿਕਾਰੀ ਵੱਲੋਂ ਜਾਤੀ ਕਿੱਤਾ ਜਾਤੀ ਸਬੰਧੀ ਸਰਟੀਫਿਕੇਟ ਪੇਸ਼ ਕਰਨਗੇ।ਇਸ ਸਰਟੀਫਿਕੇਟ ਵਿੱਚ ਜਾਰੀ ਸ਼ਪਸ਼ਟ ਤੌਰ ਤੇ

ਲਿਖੀ ਹੋਵੇ।ਅਨੁਸੂਚਿਤ ਜਾਤੀ ਦਾ ਰਾਖਵਾਕਰਨ ਪੰਜਾਬ ਅਨੁਸੂਚਿਤ ਜਾਤੀਆ ਅਤੇ ਪੱਛੜੀ ਸ੍ਰੇਣੀਆ (ਨੌਕਰੀਆ ਵਿੱਚ ਰਾਖਵਾਕਰਨ) ਐਕਟ 2006 ਅਨੁਸਾਰ ਹੋਵੇਗਾ।

ਅ) **ਪੱਛੜੀ ਸ੍ਰੇਣੀ ਦਾ ਸਰਟੀਫਿਕੇਟ ਵਿਗਿਆਪਨ ਅਨੁਸਾਰ ਦਰਸਾਈ ਅਪਲਾਈ ਕਰਨ ਦੀ ਆਖਰੀ ਮਿਤੀ ਤੋਂ 1 ਸਾਲ ਦੇ ਅੰਦਰ ਦਾ ਹੋਣਾ ਬਣੀਆ ਹੋਦਾ ਲਾਜਮੀ ਹੈ ਅਤੇ ਇਹ ਸਰਟੀਫਿਕੇਟ ਪੰਜਾਬ ਸਰਕਾਰ ਭਲਾਈ ਵਿਭਾਗ ਵੱਲੋਂ ਜਾਰੀ ਪੱਤਰ ਮਿਤੀ: 17.01.1994, 17.08.2005 ਅਤੇ ਮਿਤੀ: 24.02.2009 ਅਨੁਸਾਰ ਬਣੀਆ ਹੋਣਾ ਚਾਹੀਦਾ ਹੈ।**

ੲ) **ਪਛੜੀਆਂ ਸ੍ਰੇਣੀ ਦੀ ਉਹ ਇਸਤਰੀ ਉਮੀਦਵਾਰ ਜਿਨ੍ਹਾਂ ਦੇ ਸਰਟੀਫਿਕੇਟ ਵਿਆਹ ਉਪਰੰਤ ਪਤੀ ਦੇ ਨਾਮ ਤੇ ਬਣੇ ਹਨ ਉਨ੍ਹਾਂ ਇਸਤਰੀ ਉਮੀਦਵਾਰਾਂ ਨੂੰ ਸਕਰੂਟਨੀ ਸਮੇਂ ਉਹ ਸਰਟੀਫਿਕੇਟ, ਜਿਸ ਵਿੱਚ ਪਿਤਾ ਦਾ ਨਾ ਦਰਜ ਹੈ ਜਾਂ ਪਿਤਾ ਦਾ ਪਛੜੀ ਸ੍ਰੇਣੀ ਦਾ ਸਰਟੀਫਿਕੇਟ ਵੀ ਸਬੂਤ ਵਜੋਂ ਸਮੇਂ ਪੇਸ਼ ਕਰਨਾ ਹੋਵੇਗਾ। ਜੇਕਰ ਉਹ ਇਹ ਸਰਟੀਫਿਕੇਟ ਪੇਸ਼ ਨਹੀਂ ਕਰਦੀ ਤਾਂ ਉਸਦੀ ਪਾਤਰਤਾ ਪਛੜੀਆਂ ਸ੍ਰੇਣੀ ਵਿੱਚ ਨਹੀ ਵਿਚਾਰੀ ਜਾਵੇਗੀ।**

ਸ) **ਸੁਤੰਤਰਤਾ ਸੰਗਰਾਮੀ ਕੋਟੇ ਅਧੀਨ ਰਾਖਵਾਕਰਨ ਲੈਣ ਵਾਲੇ ਉਮੀਦਵਾਰ ਸਰਕਾਰ ਵੱਲੋਂ ਜਾਰੀ ਪੱਤਰ ਨੰ:** 16/57-97-8P-3/ਸਪੈਸ਼ਲ/503 ਮਿਤੀ: 27.11.2000 ਅਨੁਸਾਰ ਸਮਰੱਥ ਅਧਿਕਾਰੀ ਵੱਲੋਂ ਜਾਰੀ ਕੀਤਾ ਵਿਗਿਆਪਨ ਵਿੱਚ ਦਿੱਤੀ ਅਪਲਾਈ ਕਰਨ ਦੀ ਆਖਰੀ ਮਿਤੀ ਤੋਂ ਪਹਿਲਾ ਦਾ ਬਣਿਆਂ ਅਸਲ ਸਰਟੀਫਿਕੇਟ ਸਕਰੂਟਨੀ ਸਮੇਂ ਪੇਸ਼ ਕਰਨਗੇ ।

ਹ) **ਖਿਡਾਰੀ ਕੋਟੇ ਅਧੀਨ ਰਾਖਵਾਂਕਰਨ ਲੈਣ ਵਾਲੇ ਉਮੀਦਵਾਰਾਂ ਨੂੰ ਸਕਰੂਟਨੀ ਸਮੇਂ ਇਹ ਸਰਟੀਫਿਕੇਟ** ਪੇਸ਼ ਕਰਨਾ ਹੋਵੇਗਾ ਜਿਸ ਵਿੱਚ ਇਹ ਦਰਸਾਇਆ ਹੋਵੇ ਕਿ ਉਹਨਾਂ ਨੇ ਸਟੇਟ ਪੱਧਰੀ ਫੈਡਰੇਸ਼ਨ ਦੁਆਰਾ ਅਯੋਜਿਤ ਕੀਤੀ ਪੰਜਾਬ ਉਲੰਪਿਕ ਐਸੋਸੀਏਸ਼ਨ ਨਾਲ ਐਫੀਲੀਏਟਿਡ ਡਿਸਿਪਲਿਨ ਵਿੱਚ ਸਟੇਟ ਪੱਧਰੀ ਚੈਂਪੀਅਨਸ਼ਿਪ ਵਿੱਚ ਵਿਅਕਤੀਗਤ ਈਵੈਂਟ ਜਾਂ ਟੀਮ ਵਿੱਚ ਪਹਿਲੀ, ਦੂਸਰੀ ਜਾਂ ਤੀਸਰੀ ਪੁਜੀਸ਼ਨ ਜਿੱਤੀ ਹੈ।ਪ੍ਰਸਿੱਧ ਨਾਨ-ਉਲੰਪਿਕ ਡਿਸਿਪਲਿਨ ਜਾਵੇਂ ਕ੍ਰਿਕਟ ਅਤੇ ਟੈਨਿਸ ਦੇ ਮਾਮਲੇ ਵਿੱਚ ਜੇਤੂ ਨੇ ਸਬੰਧਿਤ ਨੈਸ਼ਨਲ ਫੈਡਰੇਸ਼ਨ ਨਾਲ ਅਫੀਲੀਏਟਿਡ ਸਟੇਟ ਪੱਧਰੀ ਐਸੋਸੀਏਸ਼ਨ ਵਿੱਚ ਪਹਿਲੀਆਂ ਤਿੰਨ ਪੁਜੀਸ਼ਨਾਂ ਵਿੱਚੋ ਕੋਈ ਵੀ ਇੱਕ ਪੁਜੀਸ਼ਨ ਪ੍ਰਾਪਤ ਕੀਤੀ ਹੋਵੇ। ਖਿਡਾਰੀ ਕੋਟ **ਸ੍ਰੇਣੀ ਅਧੀਨ ਬਿਨੈ ਕਰਨ ਵਾਲੇ ਉਮੀਦਵਾਰਾਂ ਦੇ ਮਾਮਲੇ ਵਿੱਚ ਨਿਰਦੇਸ਼ਕ** ਖੇਡਾਂ ਪੰਜਾਬ ਦੁਆਰਾ ਗਰੇਡਿਡ ਖੇਡਾ ਦਾ ਸਰਟੀਫਿਕੇਟ ਜਾਰੀ ਕੀਤਾ ਹੋਵੇ।

ਕ) **ਅਪਾਹਜ ਕੋਟੇ ਅਧੀਨ ਰਾਖਵਾਕਰਨ ਪੰਜਾਬ ਸਰਕਾਰ, ਸਮਾਜਿਕ ਸੁਰੱਖਿਆ ਅਤੇ ਇਸਤਰੀ ਅਤੇ ਬਲਾਕ ਵਿਕਾਸ ਵਿਭਾਗ ਦੇ ਪੱਤਰ ਨੰ:** 10/26/95-5ਐਸ.ਐਸ/1252 ਮਿਤੀ: 02.05.97 ਅਨੁਸਾਰ ਹੋਵੇਗਾ ਉਮੀਦਵਾਰ ਵਿਗਿਆਪਨ ਵਿੱਚ ਦਰਸਾਈ ਅਪਲਾਈ ਕਰਨ ਦੀ ਆਖਰੀ ਮਿਤੀ ਤੱਕ ਦਾ ਬਣਿਆਂ ਸਮਰੱਥ ਅਧਿਕਾਰੀ ਦੁਆਰਾ ਅਪਾਹਜ ਹੋਣ ਦਾ ਸਰਟੀਫਿਕੇਟ ਬਿਨੈ ਕੀਤੀ ਅਸਾਮੀ ਦੇ ਸਬੰਧ ਵਿੱਚ ਉਪਰਲੀ ਜਾਂ ਹੇਠਲੀ ਹੱਦ ਦੇ 40% ਸਥਾਈ/ਅੰਸ਼ਿਕ ਅੰਗਹੀਣਤਾ ਪਰ ਸਿਵਲ ਰੁਜਗਾਰ/ਨਿਰਧਾਰਤ ਅਸਾਮੀ ਲਈ ਫਿਟ ਹੋਣ ਸੰਬਧੀ ਮੈਡੀਕਲ ਸਰਟੀਫਿਕੇਟ ਪੇਸ਼ ਕਰਨਾ ਹੋਵੇਗਾ। ਇਹ ਸਰਟੀਫਿਕੇਟ ਜਰੂਰੀ ਤੌਰ ਤੇ ਹੇਠ ਲਿਖੇ ਅਧਿਕਾਰੀ ਨੇ ਜਾਰੀ ਕੀਤਾ ਹੋਵੇਗਾ।

ਏ) ਕਿਸੇ ਵੀ ਸਰਕਾਰੀ ਡਾਕਟਰੀ ਸੰਸਥਾਨ/ ਹਸਪਤਾਲ ਦਾ ਕਲਾਸ-1 ਮੈਡੀਕਲ ਅਫ਼ਸਰ ਵੱਜੋਂ

ਬੀ) ਜਿਲ੍ਹੇ ਜਾਂ ਸਥਾਨ ਜਿਥੋਂ ਦਾ ਬਿਨੈਕਾਰ ਸਥਾਈ ਵਾਸੀ ਹੈ, ਦੇ ਪੀ.ਐਮ.ਓ.,ਸ..ਐਮ.ਓ/ਸਿਵਲ ਸਰਜਨ ਦੁਆਰਾ ਜਾਰੀ।

6) **ਫੀਸ ਸਬੰਧੀ ਵੇਰਵਾ:**

(1)ਜਨਰਲ ਅਤੇ ਹੋਰ ਕੈਟਾਗਰੀ ਦੇ ਉਮੀਦਵਾਰਾਂ ਲਈ 500/-

(2)ਰਿਜਰਵ ਕੈਟਾਗਿਰੀ (ਐਸ.ਸੀ./ਐਸ.ਟੀ)/ਅੰਗਹੀਣ 250/-

(3)ਸਾਬਕਾ ਸੈਨਿਕ ਖੁੱਦ ਕੋਈ ਨਹੀਂ

(ਸਾਬਕਾ ਸੈਨਿਕ (ਖੁੱਦ) ਨੂੰ ਫੀਸ ਦੀ ਅਦਾਇਗੀ ਤੋਂ ਛੋਟ ਹੋਵੇਗੀ ਬਸ਼ਰਤੇ ਕਿ ਭਾਰਤ ਸਰਕਾਰ ਅਧੀਨ ਨੌਕਰੀ ਦਾ, ਉਹਨਾਂ ਦਾ ਆਮ ਅਰਸਾ ਮੁਕੰਮਲ ਹੋਣ ਤੋਂ ਪਹਿਲਾਂ ਜਾਂ ਖੁਦ ਹੀ ਪ੍ਰਤੀ ਬੇਨਤੀ ਤੇ ਨੌਕਰੀ ਤੋਂ ਫਾਰਗ/ਡਿਸਚਾਰਜ ਨਾ ਕੀਤੇ ਗਏ ਹੋਣ। ਸਾਬਕਾ ਸੈਨਿਕਾਂ ਦੇ ਆਸਰਿਤਾ ਨੂੰ ਲੋੜੀਂਦੀ ਨਿਰਧਾਰਿਤ ਫੀਸ ਦੀ ਅਦਾਇਗੀ ਕਰਨੀ ਹੋਵੇਗੀ ਅਤੇ ਇਸ ਅਸਾਮੀ ਲਈ ਅਸਲ Lineal Descendent Certificate (LDC) ਕਾਉਨਸਲਿੰਗ ਵੇਲੇ ਜਮਾਂ ਕਰਵਾਉਣਾ ਹੋਵੇਗਾ।

***ਉਮੀਦਵਾਰ ਕਾਉਨਸਲਿੰਗ ਸਮੇਂ ਫੀਸ ਦੀ ਰਸੀਦ ਪੇਸ਼ ਕਰਨਗੇ।***

**ਨੋਟ:**

ੳ) ਪੰਜਾਬ ਦੇ ਵਸਨੀਕ ਵਿਕਲਾਂਗ ਉਮੀਦਵਾਰਾਂ ਵੱਲੋਂ ਉਪਰੋਕਤ ਅਨੁਸਾਰ ਉਹੀ ਫੀਸ ਜਮਾਂ ਕਰਵਾਈ ਜਾਵੇਗੀ ਜਿਸ ਵਰਗ/ਸ਼੍ਰੇਣੀ ਨਾਲ ਉਹ ਸਬੰਧ ਰੱਖਦੇ ਹਨ।

ਅ) ਕਿਸੇ ਵੀ ਉਮੀਦਵਾਰ ਨੂੰ ਫੀਸ ਦੀ ਮੁਆਫੀ/ਛੋਟ ਨਹੀਂ ਦਿੱਤੀ ਜਾਵੇਗੀ ਸਿਵਾਏ ਸਾਬਕਾ ਸੈਨਿਕ (ਖੁਦ) ਅਤੇ ਫੀਸ ਨਾ ਭੇਜਣ ਦੀ ਹਾਲਤ ਵਿੱਚ ਉਸ ਦੀ ਪਾਤਰਤਾ ਰੱਦ ਸਮਝੀ ਜਾਵੇਗੀ।

7) **ਚੋਣ ਵਿਧੀ:-**

ਮੈਰਿਟ ਤਿਆਰ ਕਰਨ ਲਈ ਹੇਠ ਅਨੁਸਾਰ ਯੋਗਤਾਵਾਂ ਨੂੰ ਵੇਟਿਜ਼ ਦਿੱਤੀ ਜਾਵੇਗੀ:-

## 1) ਪ੍ਰਿੰਸੀਪਲ

| ਲੜੀ ਨੰ: | ਯੋਗਤਾ | ਵੇਟਿਜ/ਅੰਕ |
|---|---|---|
| 1) | ਪੋਸਟ ਗਰੈਜੁਏਸ਼ਨ | 40% |
| 2) | ਬੀ.ਐਡ | 20% |
| 3) | ਐਮ.ਐਡ | 20% |
| 4) | ਐਮ.ਫਿੱਲ | 10% |
| 5) | ਪੀ.ਐਚ.ਡੀ | 10 |
| | ਕੁੱਲ | 100 |

ਉਪਰੋਕਤ ਵੇਟਿਜ ਅਨੁਸਾਰ ਉਮੀਦਵਾਰ ਦੇ ਪ੍ਰਾਪਤ ਨੰਬਰਾਂ ਨਾਲ ਬਣੀ ਮੈਰਿਟ ਨੂੰ 0.9 ਨਾਲ ਗੁਣਾ ਕਰਕੇ ਬਣਦੀ ਮੈਰਿਟ ਮੰਨੀ ਜਾਵੇਗੀ। ਇਸ ਤੋਂ ਬਾਅਦ 10 ਨੰਬਰ ਇੰਟਰਵਿਉ ਦੇ ਹੋਣਗੇ ਜੋ

ਭਰਤੀ ਬੋਰਡ ਵਲੋਂ ਇੰਟਰਵਿਉ ਲੈਣ ਤੋਂ ਬਾਅਦ ਉਮੀਦਵਾਰ ਦੀ ਮੈਰਿਟ ਵਿੱਚ ਜਮਾਂ ਕਰਕੇ ਫਾਇਨਲ ਮੈਰਿਟ ਬਣਾਈ ਜਾਵੇਗੀ।

*ਨੋਟ: ਉਮੀਦਵਾਰਾਂ ਦੀ ਪ੍ਰੋਵਿਜਨਲ ਮੈਰਿਟ ਬਣਾ ਕਿ ਅਸਾਮੀਆਂ ਦੇ ਤਿੰਨ ਗੁਣਾ ਉਮਦੀਵਾਰਾਂ ਨੂੰ ਸਕਰੂਟਨੀ ਲਈ ਬੁਲਾਇਆ ਜਾਵੇਗਾ ਅਤੇ ਸਕਰੂਟਨੀ ਤੋਂ ਬਾਅਦ ਉਮੀਦਵਾਰਾਂ ਨੂੰ ਭਰਤੀ ਬੋਰਡ ਸਾਹਮਣੇ ਇੰਟਰਵਿਉ ਲਈ ਬੁਲਾਇਆ ਜਾਵੇਗਾ। ਇੰਟਰਵਿਉ ਦੇ ਉਪਰੰਤ ਫਾਈਨਲ ਮੈਰਿਟ ਪ੍ਰਕਾਸ਼ਿਤ ਕੀਤੀ ਜਾਵੇਗੀ।*

## 2) ਪੀ.ਜੀ.ਟੀ. (ਲੈਕਚਰਾਰ)

| ਲੜੀ ਨੰ: | ਯੋਗਤਾ | ਵੇਟਿਜ/ਅੰਕ |
|---|---|---|
| 1) | ਗਰੈਜੁਏਸ਼ਨ | 20% |
| 2) | ਪੋਸਟ ਗਰੈਜੁਏਸ਼ਨ (ਸੰਬੰਧਤ ਵਿਸ਼ੇ ਵਿੱਚ) | 50% |
| 3) | ਬੀ.ਐਡ (ਸੰਬੰਧਤ ਵਿਸ਼ੇ ਵਿੱਚ) | 20% |
| 4) | ਐਮ.ਫਿੱਲ (ਸੰਬੰਧਤ ਵਿਸ਼ੇ ਵਿੱਚ) | 5% |
| 5) | ਪੀ.ਐਚ.ਡੀ | 5 |
| | ਕੁੱਲ | 100 |

ਉਪਰੋਕਤ ਵੇਟਿਜ ਅਨੁਸਾਰ ਉਮੀਦਵਾਰ ਦੇ ਪ੍ਰਾਪਤ ਨੰਬਰਾਂ ਨਾਲ ਬਣੀ ਪ੍ਰੋਵਿਜਨਲ ਮੈਰਿਟ ਨੂੰ 0.9 ਨਾਲ ਗੁਣਾ ਕਰਕੇ ਬਣਦੀ ਮੈਰਿਟ ਮੰਨੀ ਜਾਵੇਗੀ। ਇਸ ਤੋਂ ਬਾਅਦ 10 ਨੰਬਰ ਇੰਟਰਵਿਉ ਦੇ ਹੋਣਗੇ ਜੋ ਭਰਤੀ ਬੋਰਡ ਵਲੋਂ ਇੰਟਰਵਿਉ ਲੈਣ ਤੋਂ ਬਾਅਦ ਉਮੀਦਵਾਰ ਦੀ ਮੈਰਿਟ ਵਿੱਚ ਜਮਾਂ ਕਰਕੇ ਫਾਇਨਲ ਮੈਰਿਟ ਬਣਾਈ ਜਾਵੇਗੀ।

*ਨੋਟ: 1. ਪੀ.ਜੀ.ਟੀ. ਕੰਪਿਊਟਰ ਅਸਾਮੀਆਂ ਲਈ ਮੁੱਢਲੀ ਯੋਗਤਾਵਾਂ ਦੀ ਮੈਰਿਟ ਬਣਾ ਕੇ 0.09 ਨਾਲ ਗੁਣਾ ਕਰਕੇ ਬਣਦੀ ਮੈਰਿਟ ਮੰਨੀ ਜਾਵੇਗੀ ਅਤੇ 10 ਨੰਬਰ ਭਰਤੀ ਬੋਰਡ ਵੱਲੋ ਇੰਟਰਵਿਊ ਦੇ ਹੋਣਗੇ।*
*2.ਉਮੀਦਵਾਰਾਂ ਦੀ ਪ੍ਰੋਵਿਜਨਲ ਮੈਰਿਟ ਬਣਾ ਕਿ ਅਸਾਮੀਆਂ ਦੇ ਤਿੰਨ ਗੁਣਾ ਉਮਦੀਵਾਰਾਂ ਨੂੰ ਸਕਰੂਟਨੀ ਲਈ ਬੁਲਾਇਆ ਜਾਵੇਗਾ ਅਤੇ ਸਕਰੂਟਨੀ ਤੋਂ ਬਾਅਦ ਉਮੀਦਵਾਰਾਂ ਨੂੰ ਭਰਤੀ ਬੋਰਡ ਸਾਹਮਣੇ ਇੰਟਰਵਿਉ ਲਈ ਬੁਲਾਇਆ ਜਾਵੇਗਾ। ਇੰਟਰਵਿਉ ਦੇ ਉਪਰੰਤ ਫਾਈਨਲ ਮੈਰਿਟ ਪ੍ਰਕਾਸ਼ਿਤ ਕੀਤੀ ਜਾਵੇਗੀ।*

## 3) ਟੀ.ਜੀ.ਟੀ (ਮਾਸਟਰ/ਮਿਸਟ੍ਰੈਸ)

| ਲੜੀ ਨੰ: | ਯੋਗਤਾ | ਵੇਟਿਜ/ਅੰਕ |
|---|---|---|
| 1) | ਗਰੈਜੁਏਸ਼ਨ | 30% |
| 2) | ਬੀ.ਐਡ | 30% |
| 3) | ਪੰਜਾਬ ਸਰਕਾਰ ਦੁਆਰਾ ਲਿਆ ਗਿਆ ਟੀ.ਈ.ਟੀ. ਪੇਪਰ-2 ਵਿਚੋਂ ਪ੍ਰਾਪਤ ਅੰਕਾ ਦਾ | 20% |
| 4) | ਪੋਸਟ ਗਰੈਜੁਏਸ਼ਨ (ਸੰਬੰਧਤ ਵਿਸ਼ੇ ਵਿੱਚ) | 10% |
| 5) | ਐਮ.ਫਿੱਲ | 5% |
| 6) | ਪੀ.ਐਚ.ਡੀ | 5 |
| | ਕੁੱਲ | 100 |

ਉਪਰੋਕਤ ਵੇਟਿਜ ਅਨੁਸਾਰ ਉਮੀਦਵਾਰ ਦੇ ਪ੍ਰਾਪਤ ਨੰਬਰਾਂ ਨਾਲ ਬਣੀ ਪ੍ਰੋਵਿਜਨਲ ਮੈਰਿਟ ਨੂੰ 0.9 ਨਾਲ ਗੁਣਾ ਕਰਕੇ ਬਣਦੀ ਮੈਰਿਟ ਮੰਨੀ ਜਾਵੇਗੀ। ਇਸ ਤੋਂ ਬਾਅਦ 10 ਨੰਬਰ ਇੰਟਰਵਿਉ ਦੇ

ਹੋਣਗੇ ਜੋ ਭਰਤੀ ਬੋਰਡ ਵਲੋਂ ਇੰਟਰਵਿਊ ਲੈਣ ਤੋਂ ਬਾਅਦ ਉਮੀਦਵਾਰ ਦੀ ਮੈਰਿਟ ਵਿੱਚ ਜਮਾਂ ਕਰਕੇ ਫਾਇਨਲ ਮੈਰਿਟ ਬਣਾਈ ਜਾਵੇਗੀ।

***ਨੋਟ: 1. ਟੀ.ਜੀ.ਟੀ. ਕੰਪਿਊਟਰ ਅਸਾਮੀਆਂ ਲਈ ਮੁੱਢਲੀ ਯੋਗਤਾਵਾਂ ਦੀ ਪ੍ਰੋਵਿਜਨਲ ਮੈਰਿਟ ਬਣਾ ਕੇ 0.09 ਨਾਲ ਗੁਣਾ ਕਰਕੇ ਬਣਦੀ ਮੈਰਿਟ ਮੰਨੀ ਜਾਵੇਗੀ ਅਤੇ 10 ਨੰਬਰ ਇੰਟਰਵਿਊ ਦੇ ਹੋਣਗੇ। ਜੋ ਭਰਤੀ ਬੋਰਡ ਵੱਲੋ ਇੰਟਰਵਿਊ ਉਪਰੰਤ ਦਿੱਤੇ ਜਾਣਗੇ।***

***2. ਟੀ.ਜੀ.ਟੀ. ਡਰਾਇੰਗ ਦੀ ਚੋਣ ਵਿਧੀ ਵਿੱਚ ਟੀ.ਈ.ਟੀ. ਪੇਪਰ ਦੇ ਅੰਕਾਂ ਦੀ ਵੇਟਜ਼ ਨਾ ਦਿੰਦੇ ਹੋਏ ਗਰੈਜੂਏਸ਼ਨ ਦੀ ਵੇਟਜ਼ 40 %ਅਤੇ ਬੀ.ਐਡ. ਦੀ ਵੇਟਜ਼ 40%ਹੋਵੇਗੀ, ਬਾਕੀ ਵੇਟਜ਼ ਟੀ.ਜੀ.ਟੀ. ਮਾਸਟਰ/ਮਿਸਟ੍ਰੈਸ ਦੀ ਸਰਾਨੀ ਅਨੁਸਾਰ ਹੀ ਹੋਵੇਗੀ ਅਤੇ ਇਨ੍ਹਾਂ ਅਧਿਆਪਕਾਂ ਦੀ ਵੇਟਜ਼ ਅਨੁਸਾਰ ਬਣਦੀ ਮੈਰਿਟ ਨੂੰ 0.9 ਨਾਲ ਗੁਣਾ ਕਰਕੇ ਬਣਦੀ ਮੈਰਿਟ ਮੰਨੀ ਜਾਵੇਗੀ। ਇਸ ਤੋਂ ਬਾਅਦ 10 ਨੰਬਰ ਇੰਟਰਵਿਊ ਦੇ ਹੋਣਗੇ ਜੋ ਭਰਤੀ ਬੋਰਡ ਵਲੋਂ ਇੰਟਰਵਿਊ ਲੈਣ ਤੋਂ ਬਾਅਦ ਉਮੀਦਵਾਰ ਦੀ ਮੈਰਿਟ ਵਿੱਚ ਜਮਾਂ ਕਰਕੇ ਫਾਇਨਲ ਮੈਰਿਟ ਬਣਾਈ ਜਾਵੇਗੀ।***

***3. ਟੀ.ਜੀ.ਟੀ. ਸਰੀਰਕ ਸਿੱਖਿਆ ਦੀ ਚੋਣ ਵਿਧੀ ਵਿੱਚ ਟੀ.ਈ.ਟੀ. ਪੇਪਰ ਦੇ ਅੰਕਾਂ ਦੀ ਵੇਟਜ਼ ਨਾ ਦਿੰਦੇ ਹੋਏ ਗਰੈਜੂਏਸ਼ਨ 40% ਅਤੇ ਬੀ.ਪੀ. ਐਡ. ਦੀ ਵੇਟਜ਼ ਦੀ ਵੇਟਜ਼ 40% ਹੋਵੇਗੀ, ਗਰੈਜੂਏਸ਼ਨ 40% ਅਤੇ ਡੀ.ਪੀ. ਐਡ. ਦੀ ਵੇਟਜ਼ ਦੀ ਵੇਟਜ਼ 40% ਹੋਵੇਗੀ, ਬੀ.ਪੀ. ਐਡ. 4 ਸਾਲਾ ਗਰੈਜੂਏਸ਼ਨ ਦੀ ਵੇਟਜ਼ 80% ਹੋਵੇਗੀ ਬਾਕੀ ਵੇਟਜ਼ ਟੀ.ਜੀ.ਟੀ. ਮਾਸਟਰ/ਮਿਸਟ੍ਰੈਸ ਦੀ ਸਰਾਨੀ ਅਨੁਸਾਰ ਹੀ ਹੋਵੇਗੀ ਅਤੇ ਇਨ੍ਹਾਂ ਅਧਿਆਪਕਾਂ ਦੀ ਵੇਟਜ਼ ਅਨੁਸਾਰ ਬਣਦੀ ਮੈਰਿਟ ਨੂੰ 0.9 ਨਾਲ ਗੁਣਾ ਕਰਕੇ ਬਣਦੀ ਮੈਰਿਟ ਮੰਨੀ ਜਾਵੇਗੀ। ਇਸ ਤੋਂ ਬਾਅਦ 10 ਨੰਬਰ ਇੰਟਰਵਿਊ ਦੇ ਹੋਣਗੇ ਜੋ ਭਰਤੀ ਬੋਰਡ ਵਲੋਂ ਇੰਟਰਵਿਊ ਲੈਣ ਤੋਂ ਬਾਅਦ ਉਮੀਦਵਾਰ ਦੀ ਮੈਰਿਟ ਵਿੱਚ ਜਮਾਂ ਕਰਕੇ ਫਾਇਨਲ ਮੈਰਿਟ ਬਣਾਈ ਜਾਵੇਗੀ।***

***4. ਉਮੀਦਵਾਰਾਂ ਦੀ ਪ੍ਰੋਵਿਜਨਲ ਮੈਰਿਟ ਬਣਾ ਕਿ ਅਸਾਮੀਆਂ ਦੇ ਤਿੰਨ ਗੁਣਾ ਉਮਦੀਵਾਰਾਂ ਨੂੰ ਸਕਰੂਟਨੀ ਲਈ ਬੁਲਾਇਆ ਜਾਵੇਗਾ ਅਤੇ ਸਕਰੂਟਨੀ ਤੋਂ ਬਾਅਦ ਉਮੀਦਵਾਰਾਂ ਨੂੰ ਭਰਤੀ ਬੋਰਡ ਸਾਹਮਣੇ ਇੰਟਰਵਿਊ ਲਈ ਬੁਲਾਇਆ ਜਾਵੇਗਾ। ਇੰਟਰਵਿਊ ਦੇ ਉਪਰੰਤ ਫਾਈਨਲ ਮੈਰਿਟ ਪ੍ਰਕਾਸ਼ਿਤ ਕੀਤੀ ਜਾਵੇਗੀ।***

***5. ਜੇਕਰ ਕਿਸੇ ਉਮੀਦਵਾਰ ਵੱਲੋਂ ਕਿਸੇ ਅਸਾਮੀ ਲਈ ਯੋਗ ਬਣਨ ਵਾਸਤੇ ਵਾਧੂ ਵਿਸ਼ਾ ਪਾਸ ਕੀਤਾ ਹੈ ਤਾਂ ਬੀ.ਏ./ਬੀ.ਐਡ ਵਿੱਚ ਪਾਸ ਕੀਤੇ ਵਾਧੂ ਵਿਸ਼ੇ ਦੇ ਅੰਕ ਮੂਲ ਅੰਕਾਂ ਵਿੱਚ ਜੋੜੇ ਜਾਣਗੇ ਅਤੇ ਮੈਰਿਟ ਬਣਾਈ ਜਾਵੇਗੀ।***

***6. ਉਮੀਦਵਾਰ ਨੂੰ ਪੰਜਾਬ ਸਰਕਾਰ ਦੁਆਰਾ ਲਏ ਗਏ ਟੀ.ਈ.ਟੀ. ਪੇਪਰ-2 ਪਾਸ ਕਰਨਾ ਜਰੂਰੀ ਹੋਵੇਗਾ ਸਵਾਏ ਟੀ.ਜੀ.ਟੀ. ਕੰਪਿਊਂਟਰ, ਟੀ.ਜੀ.ਟੀ. ਡਰਾਇੰਗ ਅਤੇ ਟੀ.ਜੀ.ਟੀ ਸਰੀਰਕ ਸਿੱਖਿਆ।***

## 8) **ਆਮ** ਸ਼ਰਤਾਂ

1) ਇਹ ਅਸਾਮੀਆਂ ਦੀ ਭਰਤੀ ਠੇਕੇ ਤੇ ਯਕਮੁਸ਼ਤ ਰਕਮ ਤੇ ਮੁੱਢਲੇ ਤੌਰ ਤੇ ਇੱਕ ਸਾਲ ਲਈ ਕੀਤੀਆਂ ਜਾਣੀਆਂ ਹਨ। ਉਮੀਦਵਾਰ ਦੇ ਕੰਮ ਅਤੇ ਆਚਰਨ ਨੂੰ ਵਿਚਾਰਦੇ ਹੋਏ ਇਹ ਪੇਸ਼ਕਸ਼ ਅਗਲੇ ਸਾਲ ਲਈ ਵਧਾਈ ਜਾ ਸਕਦੀ ਹੈ।
2) ਰਾਖਵੇਂਕਰਨ ਦੀ ਨੀਤੀ ਪੰਜਾਬ ਸਰਕਾਰ ਦੀ ਹਦਾਇਤਾਂ ਅਨੁਸਾਰ ਲਾਗੂ ਹੋਵੇਗੀ।
3) ਰਾਖਵੇਂਕਰਨ ਦਾ ਲਾਭ ਕੇਵਲ ਪੰਜਾਬ ਦੇ ਪੱਕੇ ਵਾਸੀਆਂ ਲਈ ਹੀ ਲਾਗੂ ਹੈ।
4) **ਪ੍ਰਿੰਸੀਪਲ ਦੀ ਅਸਾਮੀ ਲਈ ਤਜਰਬੇ ਸਬੰਧੀ ਹਦਾਇਤਾਂ**

(ੳ)ਪ੍ਰਿੰਸੀਪਲ ਦੀ ਅਸਾਮੀ ਲਈ ਤਜਰਬਾ ਸਰਕਾਰੀ, ਗੈਰਸਰਕਾਰੀ ਸਹਾਇਤਾ ਪ੍ਰਾਪਤ, ਮਾਨਤਾ ਪ੍ਰਾਪਤ ਅਤੇ ਐਫੀਲੀਏਟਿਡ ਸਕੂਲਾਂ (CBSE/ICSE/PSEB ਅਤੇ ਇਨ੍ਹਾਂ ਦੀ

ਬਰਾਬਰਤਾ ਰੱਖਦੇ ਸਿੱਖਿਆ ਬੋਰਡ) ਦੇ ਤਜਰਬੇ ਸਬੰਧਤ ਜਿਲ੍ਹੇ ਦੇ ਜਿਲ੍ਹਾ ਸਿੱਖਿਆ ਅਫਸਰ (ਸੈ ਸਿ) ਤੋਂ ਪ੍ਰਤੀ ਹਸਤਾਖਰ ਹੋਣੇ ਚਾਹੀਦੇ ਹਨ। ਅਸਲ ਤਜਰਬੇ ਸਬੰਧੀ ਸਰਟੀਫਿਕੇਟ ਜੋ **ਅਨੁਲੱਗ 1** ਤੇ ਹੈ ਕਾਉਂਸਲਿੰਗ ਸਮੇਂ ਨਾਲ ਲੈ ਕੇ ਆਉਣਾ ਲਾਜਮੀ ਹੋਵੇਗਾ।

(ਅ)ਤਜਰਬਾ ਬੀ.ਐਡ ਤੋਂ ਬਾਅਦ ਦਾ ਹੀ ਮੰਨਿਆ ਜਾਵੇਗਾ।

ੲ) ਤਸਦੀਕਸ਼ੁਦਾ ਤਜਰਬੇ ਉਪਰ ਉਮੀਦਵਾਰ ਨੇ ਕਿਸ ਵਿਸ਼ੇ ਵਿੱਚ ਪੜ੍ਹਾਇਆ ਹੈ ਵੀ ਦਰਸਾਇਆ ਹੋਣਾ ਚਾਹੀਦਾ ਹੈ।

ਸ) ਜਿਸ ਸਮੇਂ ਦਾ ਤਜਰਬਾ ਹੋਵੇ ਉਸ ਸਮੇਂ ਦੀ ਸਕੂਲ ਦੀ ਮਾਨਤਾ/ਸੀਨੀਅਰ ਸੈਕੰਡਰੀ ਪੱਧਰ ਦੀ ਹੋਣੀ ਚਾਹੀਦੀ ਹੈ।

5) ਉਮੀਦਵਾਰ ਨੂੰ ਹਰੇਕ ਅਸਾਮੀ ਲਈ ਵੱਖਰੇ ਤੌਰ ਤੇ ਅਪਲਾਈ ਕਰਨਾ ਪਵੇਗਾ ਅਤੇ ਜਿਸਦੀ ਫੀਸ ਵੱਖਰੀ ਹੋਵੇਗੀ।

6) ਪੁਰਸ਼ ਅਤੇ ਇਸਤਰੀ ਉਮੀਦਵਾਰਾਂ ਲਈ ਸਾਂਝੀ ਮੈਰਿਟ ਬਣਾਈ ਜਾਵੇਗੀ।

7) ਸਾਬਕਾ ਫੌਜੀ/ਸਾਬਕਾ ਫੌਜੀਆਂ ਦੇ ਖਾਨਦਾਨੀ ਉਤਰਾਧਿਕਾਰੀ/ਆਸ਼ਰਿਤ ਜੋ ਪੰਜਾਬ ਦੇ ਵਸਨੀਕ ਹਨ, ਸਾਬਕਾ ਫੌਜੀ ਦੇ ਰਾਖਵਾਂਕਰਨ ਦੇ ਹੱਕਦਾਰ ਹਨ। ਪਰ ਸਾਬਕਾ ਫੌਜੀਆਂ ਦੇ ਖਾਨਦਾਨੀ ਉਤਰਾਅਧਿਕਾਰੀ/ਆਸ਼ਰਿਤ ਤਾਂ ਹੀ ਸਾਬਕਾ ਫੌਜੀ ਵਰਗ ਵਿਚ ਵਿਚਾਰੇ ਜਾਣਗੇ ਜੇਕਰ ਕੋਈ ਸਾਬਕਾ ਫੌਜੀ ਨਹੀਂ ਹੈ। ਜੇਕਰ ਲੋੜੀਂਦੇ ਸਾਬਕਾ ਫੋਜੀ ਉਪਲਬਧ ਹੋਣਗੇ ਤਾਂ ਸਾਬਕਾ ਫੌਜੀਆਂ ਦੇ ਖਾਨਦਾਨੀ ਉਤਰਾਅਧਿਕਾਰੀਆਂ/ਆਸ਼ਰਿਤਾਂ ਨੂੰ ਜਨਰਲ ਵਰਗ ਵਿਚ ਵਿਚਾਰਿਆ ਜਾਵੇਗਾ।

8) ਉਹ ਉਮੀਦਵਾਰ ਜੋ ਪਹਿਲਾਂ ਹੀ ਰਾਜ ਜਾਂ ਕੇਂਦਰ ਦੇ ਕਰਮਚਾਰੀ ਹਨ ਆਪਣੀ ਪ੍ਰਤੀਬੇਨਤੀ ਯੋਗ ਪ੍ਰਣਾਲੀ ਰਾਹੀਂ ਹੀ ਭੇਜਣਗੇ। ਪਰ ਇਹ ਅਸਾਮੀ ਠੇਕਾ ਆਧਾਰਤ ਹੈ ਇਨ੍ਹਾਂ ਉਮੀਦਵਾਰਾਂ ਦੀ ਨਿਯੁਕਤੀ ਠੇਕਾ ਆਧਾਰ ਤੇ ਹੀ ਕੀਤੀ ਜਾਵੇਗੀ। ਪਿਛਲੀ ਰੈਗੂਲਰ ਸਰਵਿਸ ਦਾ ਕੋਈ ਲਾਭ ਨਹੀਂ ਦਿੱਤਾ ਜਾਵੇਗਾ।

9) ਐਪਲੀਕੇਸ਼ਨ ਫਾਰਮ ਭਰਨ ਸਮੇਂ ਕਿਸੇ ਵੀ ਗਲਤੀ ਲਈ ਉਮੀਦਵਾਰ ਆਪ ਜਿੰਮੇਵਾਰ ਹੋਵੇਗਾ। ਭਰਤੀ ਬੋਰਡ ਦੀ ਇਸ ਸਬੰਧੀ ਕੋਈ ਜਿੰਮੇਵਾਰੀ ਨਹੀਂ ਹੋਵੇਗੀ।

10) ਆਨਲਾਈਨ ਅਪਲਾਈ ਕਰਨ ਸਮੇਂ ਉਮੀਦਵਾਰ ਨੂੰ ਸਾਈਬਰ ਕੈਫੇ ਅਟੈਂਡੇਂਟ ਦੀ ਮੱਦਦ ਲੈਣ ਸਮੇਂ ਆਪਣਾ ਫਾਰਮ ਆਪ ਭਰਨ ਦੀ ਸਲਾਹ ਦਿੱਤੀ ਜਾਂਦੀ ਹੈ। ਐਪਲੀਕੈਸ਼ਨ ਫਾਰਮ ਵਿਚ ਇਕ ਵਾਰ ਡਾਟਾ ਭਰਨ ਤੋਂ ਬਾਅਦ Approve ਕਰਨ ਤੋਂ ਬਾਅਦ ਉਸ ਵਿਚ ਕੋਈ ਤਬਦੀਲੀ ਕਰਨ ਦੀ ਆਗਿਆ ਨਹੀਂ ਦਿੱਤੀ ਜਾਵੇਗੀ ਅਤੇ ਨਾ ਹੀ ਕੋਈ ਹੋਰ ਮੋਕਾ ਦਿੱਤਾ ਜਾਵੇਗਾ। ਇਸ ਸਬੰਧੀ ਕਿਸੇ ਵੀ ਪ੍ਰਕਾਰ ਦੀ ਪ੍ਰਤੀਬੇਨਤੀ ਦਫਤਰ ਵਲੋਂ ਸਵੀਕਾਰ ਨਹੀਂ ਕੀਤੀ ਜਾਵੇਗੀ।

11) ਉਮੀਦਵਾਰ ਇਹ ਵੀ ਤਸਦੀਕ ਕਰਨਗੇ ਕਿ ਉਹ ਜਿਸ ਆਸਾਮੀ ਲਈ ਅਪਲਾਈ ਕਰ ਰਿਹਾ ਹੈ, ਉਸ ਦੀ ਪਾਤਰਤਾ ਲਈ ਨਿਰਧਾਰਤ ਸਾਰੀਆਂ ਸ਼ਰਤਾਂ ਅਪਲਾਈ ਕਰਨ ਦੀ ਆਖਰੀ ਮਿਤੀ ਤੱਕ ਪੂਰੀਆਂ ਕਰਦਾ ਹੈ। ਉਮੀਦਵਾਰ ਅਪਲਾਈ ਕਰਨ ਨਾਲ ਨਿਯੁਕਤੀ ਲਈ ਪਾਤਰ ਨਹੀਂ ਬਣ ਜਾਂਦਾ। ਨਿਯੁਕਤੀ ਲਈ ਚੋਣ ਉਸ ਦੀ ਪਾਤਰਤਾ ਹੋਣ ਤੇ ਹੀ ਹੋਵੇਗੀ ਅਤੇ ਸਕਰੂਟਨੀ ਸਮੇਂ ਉਮੀਦਵਾਰ ਦੀ ਮੈਰਿਟ ਅਤੇ ਯੋਗਤਾ ਉਸ ਵੱਲੋਂ ਪੇਸ਼ ਕੀਤੇ

ਗਏ ਅਸਲ ਦਸਤਾਵੇਜ ਉਪਰਹੀ ਨਿਰਧਾਰਤ ਕੀਤੀ ਜਵੇਗੀ। ਕਿਸੇ ਵੀ ਦਸਤਾਵੇਜ ਦੀ ਅਣਹੋਂਦ ਵਿਚ ਉਮੀਦਵਾਰ ਨੂੰ ਨਿਯੁਕਤੀ/ਭਰਤੀ ਲਈ ਨਹੀਂ ਵਿਚਾਰਿਆ ਜਾਵੇਗਾ।

12) ਉਮੀਦਵਾਰ ਆਪਣੀ ਕੈਟਾਗਰੀ ਧਿਆਨ ਪੂਰਵਕ ਭਰਨ, ਇੱਕ ਵਾਰੀ ਭਰੀ ਗਈ ਕੈਟਾਗਰੀ ਤਬਦੀਲ ਯੋਗ ਨਹੀਂ ਹੋਵੇਗੀ ਅਤੇ ਕਿਸੇ ਵੀ ਤਰ੍ਹਾਂ ਦਾ ਦੁਬਾਰਾ ਮੋਕਾ ਨਹੀਂ ਦਿੱਤਾ ਜਾਵੇਗਾ।

13) ਵੱਖ-ਵੱਖ ਵਰਗਾਂ ਵਿੱਚ ਖਾਲੀ ਆਸਾਮੀਆਂ ਉਸ ਵਰਗ ਵਿੱਚ ਉਪਲਬਧ ਆਸਾਮੀਆਂ ਦੀ ਹੋਣ ਦੀ ਸੂਰਤ ਵਿੱਚ ਹੀ ਭਰੀਆਂ ਜਾਣਗੀਆਂ।

14) ਉਮੀਦਵਾਰ ਵੱਲੋਂ ਅਸਾਮੀ ਵਿਰੁੱਧ ਕੇਵਲ ਅਪਲਾਈ ਕਰਨਾ ਜਾ ਸਕਰੂਟਨੀ ਤੇ ਬੁਲਾਏ ਜਾਣ ਨਾਲ ਹੀ ਉਮੀਦਵਾਰ ਨੂੰ ਨਿਯੁਕਤੀ ਦਾ ਅਧਿਕਾਰ ਨਹੀਂ ਹੋਵੇਗਾ।

15) ਉਮੀਦਵਾਰ ਕਾਊਂਸਲਿੰਗ ਵੇਲੇ ਆਪਣੇ ਸਾਰੇ ਅਸਲ ਵਿਦਿਅਕ/ਪ੍ਰੋਫੇਸ਼ਨਲ ਯੋਗਤਾ, ਤਜਰਬਾ ਅਤੇ ਸ੍ਰੇਣੀ ਆਦਿ ਨਾਲ ਸਬੰਧਤ ਸਰਟੀਫਿਕੇਟ ਸਮੇਤ ਉਨ੍ਹਾਂ ਦੀਆਂ ਸੈਲਫ ਅਟੈਸਟਡ (Self Attested) ਕਾਪੀਆਂ ਫਾਇਲ ਵਿੱਚ ਲਗਾ ਕੇ ਲਿਆਉਣਗੇ। ਇਹ ਸਾਰੇ ਦਸਤਾਵੇਜ ਅਪਲਾਈ ਕਰਨ ਦੀ ਆਖਰੀ ਮਿਤੀ ਤੋਂ ਪਹਿਲਾਂ ਦੇ ਜਾਰੀ ਹੋਣੇ ਚਾਹੀਦੇ ਹਨ। ਆਖਰੀ ਮਿਤੀ ਤੋਂ ਬਾਅਦ ਦਾ ਜਾਰੀ ਕੀਤਾ ਗਿਆ ਸਰਟੀਫਿਕੇਟ ਮੰਨਣ ਯੋਗ ਨਹੀ ਹੋਵੇਗਾ।

16) ਉਮੀਦਵਾਰਾਂ ਵਲੋਂ ਉਪਲਬਧ ਕਰਵਾਏ ਕਿਸੇ ਵੀ ਦਸਤਾਵੇਜ ਦੇ ਗਲਤ ਸਾਬਤ ਹੋਣ ਤੇ ਉਸ ਦਾ ਨਾਂ ਮੈਰਿਟ ਵਿਚੋਂ ਕੱਢ ਦਿੱਤਾ ਜਾਵੇਗਾ, ਜਿਸ ਲਈ ਉਮੀਦਵਾਰ ਅਤੇ ਦਸਤਾਵੇਜ਼ ਜਾਰੀ ਕਰਨ ਵਿਰੁਧ ਮੌਕੇ ਤੇ ਹੀ ਐਫ.ਆਈ.ਆਰ ਦਰਜ ਕਰਵਾ ਦਿੱਤੀ ਜਾਵੇਗੀ ਅਤੇ ਬਣਦੀ ਕਾਨੂੰਨੀ ਕਾਰਵਾਈ ਵੀ ਕੀਤੀ ਜਾਵੇਗੀ।

17) ਯੋਗਤਾ ਦੀ ਬਰਾਬਰਤਾ ਵਿਵਾਦ ਦੇ ਮਾਮਲੇ ਭਰਤੀ ਬੋਰਡ ਦੁਆਰਾ ਕੀਤਾ ਫੈਸਲਾ ਅੰਤਿਮ ਤੇ ਸਭ ਤੇ ਲਾਗੂ ਹੋਵੇਗਾ।

18) ਸਕਰੂਟਨੀ ਸਮੇਂ ਜੇਕਰ ਕਿਸੇ ਉਮੀਦਵਾਰ ਵੱਲੋਂ ਯੋਗਤਾ ਆਦਿ ਸਬੰਧੀ ਅਸਲ ਦਸਤਾਵੇਜ ਪੇਸ਼ ਨਹੀਂ ਕੀਤੇ ਜਾਂਦੇ ਤਾ ਉਸ ਦਾ ਨਿਯੁਕਤੀ ਲਈ ਕੋਈ ਹੱਕ ਨਹੀਂ ਹੋਵੇਗਾ ਅਤੇ ਉਸ ਤੋਂ ਜੂਨੀਅਰ ਉਮੀਦਵਾਰ ਨੂੰ ਆਸਾਮੀ ਲਈ ਵਿਚਾਰਿਆ ਜਾਵੇਗਾ।

19) ਸਕਰੂਟਨੀ /ਇੰਟਰਵਿਊ ਲਈ ਆਉਣ ਵਾਲੇ ਉਮੀਦਵਾਰਾਂ ਨੂੰ ਟੀ.ਏ./ਡੀ.ਏ. ਅਦਾ ਨਹੀਂ ਕੀਤਾ ਜਾਵੇਗਾ।

20) ਉਮੀਦਵਾਰ ਨੂੰ ਸਲਾਹ ਦਿੱਤੀ ਜਾਦੀ ਹੈ ਕਿ ਉਹ ਸਕਰੂਟਨੀ /ਇੰਟਰਵਿਊ Latest updates ਆਦਿ ਸਬੰਧੀ ਵੈਬਸਾਈਟ ਤੇ ਰੈਗੂਲਰ ਤੌਰ ਤੇ ਆਪ ਹੀ ਧਿਆਨ ਰੱਖਣਗੇ । ਇਸ ਸਬੰਧੀ ਉਨ੍ਹਾਂ ਨੂੰ ਵੱਖਰੇ ਤੌਰ ਤੇ ਕੋਈ ਸੂਚਨਾ ਨਹੀਂ ਭੇਜੀ ਜਾਵੇਗੀ। ਉਮੀਦਵਾਰ ਨੂੰ ਇਹ ਵੀ ਸਲਾਹ ਹੈ ਕਿ ਉਹ ਸਾਰੀਆਂ ਹਦਾਇਤਾਂ ਚੰਗੀ ਤਰ੍ਹਾ ਪੜ੍ਹ ਲਵੇ ਇੱਕ ਵਾਰੀ ਭਰਿਆ ਡਾਟਾ ਬਦਲਣ ਦੀ ਆਗਿਆ ਨਹੀਂ ਹੋਵੇਗੀ।

21) ਕਾਉਂਸਲਿੰਗ/ਇੰਟਰਵਿਊ ਵਿੱਚ ਗੈਰ ਹਾਜਰ ਰਹਿਣ ਕਾਰਨ ਉਮੀਦਵਾਰ ਦੀ ਪਾਤਰਤਾ ਰੱਦ ਸਮਝੀ ਜਾਵੇਗੀ ਅਤੇ ਕਿਸੇ ਵੀ ਹਾਲਤ ਵਿੱਚ ਕਿਸੇ ਵੀ ਉਮੀਦਵਾਰ ਨੂੰ ਹੋਰ ਮੌਕਾ ਨਹੀ ਦਿੱਤਾ ਜਵੇਗਾ।

22) Tentative ਮੈਰਿਟ ਸਕਰੂਟਨੀ ਲਈ ਬਣਾਈ ਜਾਵੇਗੀ। ਫਾਇਨਲ ਮੈਰਿਟ ਇੰਟਰਵਿਉ ਤੋਂ ਬਾਅਦ ਜਾਰੀ ਕੀਤੀ ਜਾਵੇਗੀ। ਇਸ ਵਿੱਚ ਕੋਈ ਵੀ ਵੇਟਿੰਗ ਲਿਸਟ ਤਿਆਰ ਨਹੀਂ ਕੀਤੀ ਜਾਵੇਗੀ। ਜੇਕਰ ਇਹਨਾਂ ਅਸਾਮੀਆਂ ਵਿੱਚੋਂ ਕੁੱਝ ਖਾਲੀ ਰਹਿ ਜਾਂਦੀਆਂ ਹਨ ਤਾਂ ਉਹਨਾਂ ਦੀ ਭਰਤੀ ਕਰਨ ਦਾ ਇਸਤਿਹਾਰ ਦੁਬਾਰਾ ਦਿੱਤਾ ਜਾਵੇਗਾ।

9) **ਆਨਲਾਈਨ ਅਪਲਾਈ ਕਰਨ ਦੀ ਵਿਧੀ:**

## ਫਾਰਮ ਭਰਨ ਸਬੰਧੀ ਦਿਸ਼ਾਨਿਰਦੇਸ਼

1) ਵੈਬਸਾਈਟ http://rmsa.ssapunjab.org
2) ਉਮੀਦਵਾਰ ਵਲੋਂ ਪਹਿਲਾਂ ਉਪਰੋਕਤ ਦਰਸਾਈ ਵੈਬਸਾਈਟ ਉੱਤੇ ਰਜੀਸਟ੍ਰੇਸ਼ਨ ਕਰਵਾਈ ਜਾਵੇਗੀ। ਰਜੀਸਟ੍ਰੇਸ਼ਨ ਕਰਵਾਉਣ ਲਈ ਇਸ ਵੈਬ-ਸਾਈਟ ਉੱਤੇ ਦਿੱਤੇ ਲਿੰਕ New Registration ਉਤੇ click ਕੀਤਾ ਜਾਵੇ ਅਤੇ ਮੰਗੀ ਗਈ ਜਾਣਕਾਰੀ ਭਰੀ ਜਾਵੇ। ਇੱਕ ਵਾਰ ਰਜੀਸਟ੍ਰੇਸ਼ਨ ਕਰਨ ਉਪਰੰਤ ਕੋਈ ਵੀ ਜਾਣਕਾਰੀ ਦੁਬਾਰਾ Update/Edit ਨਹੀਂ ਕੀਤੀ ਜਾ ਸਕਦੀ।
3) ਰਜੀਸਟ੍ਰੇਸ਼ਨ ਉਪਰੰਤ ਉਮੀਦਵਾਰ ਆਪਣਾ Bank Challan ਜਨਰੇਟ ਕਰ ਸਕਦੇ ਹਨ ਅਤੇ State Bank of India ਜਾਂ Punjab National Bank ਵਿਚ ਆਪਣੀ ਫੀਸ ਜਮ੍ਹਾਂ ਕਰਵਾ ਸਕਦੇ ਹਨ।
4) ਫੀਸ ਸਬੰਧੀ ਬੈਂਕ ਤੋਂ confirmation ਉਪਰੰਤ ਇਸ ਵਿਭਾਗ ਵਲੋਂ ਉਮੀਦਵਾਰ ਦੀ ਰਜੀਸਟ੍ਰੇਸ਼ਨ 48 ਘੰਟੇ ਵਿਚ Confirm ਕਰ ਦਿੱਤੀ ਜਾਵੇਗੀ ਅਤੇ confirmation ਉਪਰੰਤ ਹੀ ਉਮੀਦਵਾਰ ਆਪਣੀ Online Application ਭਰ ਸਕਦੇ ਹਨ।
5) Application ਭਰਨ ਉਪਰੰਤ ਇਸ ਦਾ printout ਜਰੂਰ ਲਿਆ ਜਾਵੇ ਅਤੇ ਸੰਭਾਲ ਕੇ ਰੱਖਿਆ ਜਾਵੇ। ਇੱਥੇ ਇਹ ਵੀ ਸਪਸ਼ਟ ਕੀਤਾ ਜਾਂਦਾ ਹੈ ਕਿ Application Form ਜਾਂ ਕੋਈ ਹੋਰ ਦਸਤਾਵੇਜ post ਰਾਹੀਂ ਇਸ ਦਫਤਰ ਨੂੰ ਭੇਜਣ ਦੀ ਜਰੂਰਤ ਨਹੀਂ ਹੈ। ਕੋਈ ਵੀ ਦਸਤਾਵੇਜ ਮੰਗੇ ਜਾਣ ਉੱਤੇ ਹੀ ਭੇਜਿਆ ਜਾਵੇ।

**Important Dates :-**

- **ਪਹਿਲਾਂ ਉਮੀਦਵਾਰ ਆਨਲਾਈਨ ਰਜੀਸਟ੍ਰੇਸ਼ਨ ਕਰੇਗਾ ਜਿਸ ਦੀ ਆਖਰੀ ਮਿਤੀ 18-10-2013 (ਸ਼ਾਮ 5:00 ਵਜੇ ਤੱਕ) ਹੈ। ਰਜੀਸਟ੍ਰੇਸ਼ਨ ਕਰਨਾ ਹੀ ਅਪਲਾਈ ਕਰਨ ਦੀ ਆਖਰੀ ਮਿਤੀ ਹੋਵੇਗੀ।**
- **ਉਮੀਦਵਾਰ ਰਜੀਸਟ੍ਰੇਸ਼ਨ ਕਰਨ ਤੋਂ ਬਾਅਦ ਬੈਂਕ ਚਲਾਨ ਜਨਰੇਟ ਕਰੇਗਾ ਅਤੇ ਅਰਜੀ ਦੀ ਨਿਰਧਾਰਿਤ ਫੀਸ ਮਿਤੀ 25-10-2013 ਤੱਕ ਬੈਂਕ ਵਿਚ ਜਮ੍ਹਾਂ ਕਰਵਾ ਸਕਦਾ ਹੈ।**
- **ਬੈਂਕ ਵਿਚ ਫੀਸ ਜਮ੍ਹਾਂ ਕਰਵਾਉਣ ਅਤੇ ਫੀਸ ਦੀ confirmation ਹੋਣ ਉਪਰੰਤ ਹੀ ਉਮੀਦਵਾਰ ਆਪਣਾ Online Application Form ਭਰ ਸਕਦਾ ਹੈ ਜਿਸ ਦੀ ਆਖਰੀ ਮਿਤੀ 31-10-2013 (ਸ਼ਾਮ 5:00 ਵਜੇ ਤੱਕ) ਹੈ।**

(11) ਸਕੂਲਾਂ ਦੀ ਸੂਚੀ:

ਉਪਰੋਕਤ ਅਸਾਮੀਆਂ ਦੀ ਭਰਤੀ ਹੇਠ ਦਿੱਤੇ ਸਕੂਲਾਂ ਵਿੱਚ ਹੀ ਕੀਤੀ ਜਾਵੇਗੀ। ਉਮੀਦਵਾਰਾਂ ਨੂੰ ਇਹ ਸਪਸਟ ਕੀਤਾ ਜਾਂਦਾ ਹੈ ਕਿ ਨਿਯੁਕਤੀ ਉਪਰੰਤ ਪਹਿਲੇ ਤਿੰਨ ਸਾਲ ਤੱਕ ਬਦਲੀ ਨਹੀਂ ਕੀਤੀ ਜਾਵੇਗੀ, ਇਸ ਤੋਂ ਉਪਰੰਤ ਬਦਲੀ ਵਾਸਤੇ ਇਹਨਾਂ ਸਕੂਲਾਂ ਵਿੱਚ ਹੀ ਖਾਲੀ ਪੋਸਟ ਹੋਣ ਦੀ ਸੂਰਤ ਵਿੱਚ ਹੀ ਵਿਚਾਰਿਆ ਜਾਵੇਗਾ।

| Sr. No. | District | Name of the Block | Location of Model School |
|---|---|---|---|
| 1 | Bathinda | Sangat | VPO Raike Kalan via Sangat, The & Distt. Bathinda |
| 2 | | Talwandi Sabo | Village Natheha |
| 3 | | Mandi Phul West/ Maur | Village Remnagar |
| 4 | Ferozepur | Khuhian Sarver | Village Gidderan Wali |
| 5 | | Abohar | Village Dharang Wala |
| 6 | | Fazilka | Village Kaurian Wali |
| 7 | | Jalalabad | Village Chuk Mochan Wala |
| 8 | | Mamdot | Village Gudar Dhandi |
| 9 | | Ferozepur | Village Usman Wala |
| 10 | Mansa | Mansa | Village Hiro Kalan |
| 11 | | Budlada-1/ Bhikhi | Village Datewas |
| 12 | | Budlada-II Bhikhi | Village Datewas |
| 13 | | Jhunir-1 | Village Mian |
| 14 | | Jhunir-II at Sardulgarh | Village Jatana Kalan |
| 15 | Muktsar | Lambi | Village Phula Khera |
| 16 | | Muktsar | Village Bhagsar |
| 17 | Patiala | Samana-I/ Samana-I at Patran | Village Chunagra |
| 18 | Sangrur | Lehra Gaga | Village Lehal Kalan |
| 19 | | Anndana | Village Mandvi |
| 20 | | Saunam | Village Sheron |
| 21 | Tarn Taran | Valtoha | Village Valtoha |

ਚੇਅਰਮੈਨ-ਕਮ-ਪ੍ਰਮੁੱਖ ਸਕੱਤਰ
ਪੰਜਾਬ ਸਕੂਲ ਸਿੱਖਿਆ ਵਿਭਾਗ ਭਰਤੀ ਬੋਰਡ

# ਅਧਿਆਪਕ ਲਈ ਤਜਰਬਾ ਸਰਟੀਫਿਕੇਟ ਸਬੰਧੀ (ਅਨੁਲੱਗ-1)

(ਸਿਰਫ ਮੁੱਖ ਅਧਿਆਪਕ ਅਤੇ ਪ੍ਰਿੰਸੀਪਲਾ ਦੀ ਅਸਾਮੀ ਵਾਸਤੇ)

ਤਸਦੀਕ ਸੁਦਾ
ਪਾਸਪੋਰਟ ਸਾਇਜ਼
ਫੋਟੋ

**(ਜਰੂਰੀ ਨੋਟ: ਉਮੀਦਵਾਰ ਵੱਲੋ ਇਹ ਅਨੁਲੱਗ ਕਾਉਂਸਲਿੰਗ ਸਮੇਂ ਪੇਸ਼ ਕੀਤਾ ਜਾਵੇ)**

**1. ਸਕੂਲ (ਸੰਸਥਾ) ਬਾਰੇ**

ਜਾਰੀ ਕਰਨ ਵਾਲੇ ਸਕੂਲ (ਸੰਸਥਾ) ਦਾ ਨਾਂ: ..................................................................................

ਪੂਰਾ ਪਤਾ ..................................................................................

ਟੈਲੀਫੋਨ ਨੰ: (ਕੋਡ ਸਮੇਤ) ..................... ਈ-ਮੇਲ (I D).......................................................................

**2. ਸਕੂਲ ਦੀ ਮੈਨੇਜਮੈਂਟ ਸਬੰਧੀ**

ਸਰਕਾਰੀ/ਏਡਡ/ਐਫੀਲੈਟਡ ......................................................................................................................

ਬੋਰਡ ਦਾ ਨਾਂ ਜਿਸ ਨਾਲ ਸਕੂਲ ਸਬੰਧਤ ਹੈ (PESB/CBSE/ICSE/ਹੋਰ)..................................................................

**3. ਸਕੂਲ ਦੀ ਮਾਨਤਾ ਦਾ ਨੰਬਰ/ਸ਼ੈਸਨ ਸਬੰਧੀ:**

1) ਮਿਡਲ ਤਕ(ਨੰਬਰ/ਸ਼ੈਸਨ)................2)ਹਾਈ ਤਕ(ਨੰਬਰ/ਸ਼ੈਸਨ)............3)ਸੀਨੀਅਰ ਸੈਕੰਡਰੀ ਤਕ(ਨੰਬਰ/ਸ਼ੈਸਨ).............

ੳ) ਹਿਊਮਨੀਟੀ ਗਰੁਪ(ਨੰ:/ਸ਼ੈਸਨ)............. ਅ) ਕਾਮਰਸ ਗਰੁਪ(ਨੰ:/ਸ਼ੈਸਨ). ......... ੲ) ਸਾਇੰਸ ਗਰੁਪ(ਨੰ:/ਸ਼ੈਸਨ) ...............

**4. ਉਮੀਦਵਾਰ ਬਾਰੇ:**

ਉਮੀਦਵਾਰ ਦਾ ਨਾਂ:..........................................................................................................................

ਪਿਤਾ ਦਾ ਨਾਂ:............................................... ਮਾਤਾ ਦਾ ਨਾਂ:.....................................................................

ਜਨਮ ਮਿਤੀ:..................................................... ਲਿੰਗ (ਪੁਰਸ਼/ਇਸਤਰੀ):.........................................................

ਪੱਕਾ ਪਤਾ:.....................................................................ਫ਼ੋਨ ਨੰ:......................................................

**5. ਤਜਰਬਾ ਬਾਰੇ:**

ਅਹੁਦਾ ਜਿਸ ਤੇ ਸਕੂਲ ਵਿਚ ਕੰਮ ਕੀਤਾ ਹੈ(PGT/TGT/PRT)..........................................................................

ਸਕੂਲ ਵਿਚ ਹਾਜ਼ਰ ਹੋਣ ਦੀ ਮਿਤੀ:.............................. ਸਕੂਲ ਛੱਡਣ ਦੀ ਮਿਤੀ:.............................................

ਤਜਰਬੇ ਦਾ ਕੁੱਲ ਸਮਾਂ:.............ਸਾਲ...........ਮਹੀਨੇ.......ਦਿਨ ਸਕੂਲ ਵਿੱਚ ਅਧਿਆਪਕ ਦਾ ਵਿਸ਼ਾ:.............................

ਸਰਕਾਰੀ /ਏਡਡ ਪੋਸਟ/ਪੀ.ਟੀ.ਏ./ਵਲੰਟੀਅਰ/ਹੋਰ ਦਾ ਹੈ......................................(ਤਜਰਬੇ ਵਾਲੀ ਪੋਸਟ ਸਪਸ਼ਟ ਕੀਤਾ ਜਾਵੇ)

**6. ਉਮੀਦਵਾਰ ਸਬੰਧੀ ਹੋਰ ਵੇਰਵੇ:**

ਕੀ ਏ-ਰੋਲ ਵਿਚ ਤਨਖਾਹ ਜਾਰੀ ਕੀਤੀ ਹੈ:?............ਕੀ ਨੋਕਰੀ ਦੇਣ ਸਮੇਂ ਮਤਾ ਰਜਿਸਟਰ ਵਿਚ ਮਤਾ ਪਾਇਆ ਹੈ?.................

ਕੀ ਹਾਜ਼ਰੀ ਰਜਿਸਟਰ ਅਨੁਸਾਰ ਤਜਰਬੇ ਦਾ ਸਮਾਂ ਮੇਲ ਖਾਂਦਾ ਹੈ ?...........................................................................
ਤਨਖਾਹ (ਨਕਦ/ਚੈੱਕ)................................ ਬੈਂਕ ਦਾ ਨਾਮ .........................................................................
ਖਾਤਾ ਨੰਬਰ ਜਿਸ ਵਿੰਚ ਤਨਖ਼ਾਹ ਜਮ੍ਹਾਂ ਹੁੰਦੀ ਹੈ ..........................................................................................

**7. ਸਕੂਲ ਮੁੱਖੀ ਵੱਲੋਂ ਸਰਟੀਫਿਕੇਟ (ਸਕੂਲ ਦਾ ਫੋਨ ਨੰ:.................)**

ਉਕਤ ਵੇਰਵੇ ਸਕੂਲ ਰਿਕਾਰਡ ਨਾਲ ਮੇਲ ਖਾਂਦੇ ਹਨ ਅਤੇ ਸਹੀ ਹਨ
ਸਕੂਲ ਮੁਖੀ(ਸਰਟੀਫਿਕੇਟ ਜਾਰੀ ਕਰਤਾ) ਦਾ ਨਾਂ:........................................ਅਹੁੱਦਾ..............................................

ਹਸਤਾਖ਼ਰ ......................................................................
ਸਕੂਲ ਦੀ ਮੋਹਰ ......................................................................
ਜਾਰੀ ਕਰਨ ਮਿਤੀ ......................................................................

**8. ਕਾਊਂਟਰ ਸਾਇਨ ਕਰਤਾ**

ਉਕਤ ਵੇਰਵੇ ਮੈਂ ਨਿਜੀ ਤੌਰ ਤੇ ਸਕੂਲ ਰਿਕਾਰਡ ਮੰਗਵਾ ਕੇ ਦੇਖ ਲਏ ਹਨ ਅਤੇ ਰਿਕਾਰਡ ਵਿਚ ਰੱਖ ਲਏ ਹਨ ਜੋ ਸਹੀ ਹਨ:
ਦਫ਼ਤਰ ਦਾ ਡਿਸਪੈਚ ਨੰ:......................... ਮਿਤੀ:.........................

ਕਾਉਟਰ ਸਾਇਨ ਕਰਨ ਵਾਲੇ ਅਧਿਕਾਰੀ ਦਾ ਨਾ.......................................ਅਹੁੱਦਾ.........................................

ਹਸਤਾਖ਼ਰ.................................ਮੋਹਰ.........................................ਫੋਨ ਨੰ:.........................................